**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।**
**ਫੋਨ ਨੰ: 0172-2212221**

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
2) ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ: 5/57-2018(ਅਕਾ) / 8784
ਮਿਤੀ : 7/02/2019

ਵਿਸ਼ਾ:- ਮਾਰਚ, 2019 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-II) ਜਮਾਤ ਤੀਜੀ ਅਤੇ ਚੌਥੀ ਦੀ ਡੇਟਸ਼ੀਟ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਾਰਚ 2019 ਵਿੱਚ ਤੀਜੀ, ਚੌਥੀ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-II) ਕੀਤਾ ਜਾਣਾ ਹੈ ਅਤੇ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ | ਦਿਨ | ਤੀਜੀ | ਚੌਥੀ |
|---|---|---|---|---|
| 1 | 11.3.2019 | ਸੋਮਵਾਰ | ਗਣਿਤ | ਪੰਜਾਬੀ |
| 2 | 12.3.2019 | ਮੰਗਲਵਾਰ | - | - |
| 3 | 13.3.2019 | ਬੁੱਧਵਾਰ | ਪੰਜਾਬੀ | ਅੰਗਰੇਜੀ |
| 4 | 14.3.2019 | ਵੀਰਵਾਰ | - | - |
| 5 | 15.03.2019 | ਸ਼ੁੱਕਰਵਾਰ | ਵਾਤਾਵਰਣ | ਗਣਿਤ |
| 6 | 16.3.2019 | ਸ਼ਨੀਵਾਰ | - | - |
| 7 | 18.3.2019 | ਸੋਮਵਾਰ | ਅੰਗਰੇਜ਼ੀ | ਵਾਤਾਵਰਣ ਸਿੱਖਿਆ |
| 8 | 19.3.2019 | ਮੰਗਲਵਾਰ | - | ਹਿੰਦੀ |

2.0 ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਸਕੂਲ ਮੁੱਖੀ/ਇੰਚਾਰਜ ਦੀ ਹੋਵੇਗੀ

3.0 ਉੱਤਰ-ਪੱਤਰੀਆਂ ਦੇ ਮੁਲਾਂਕਣ ਦਾ ਕੰਮ-ਕਾਜ ਰੋਜ਼ਾਨਾ ਮਿਤੀ ਬੱਧ ਕੀਤਾ ਜਾਵੇ ਅਤੇ ਇਸ ਦਾ ਰੋਜ਼ਾਨਾ ਰਿਕਾਰਡ ਵੀ ਦਰਜ ਕੀਤਾ ਜਾਵੇ।

4.0 ਪਹਿਲੀ ਤੋਂ ਦੂਜੀ ਜਮਾਤਾਂ ਦਾ ਮੁਲਾਂਕਣ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਕੀਤਾ ਜਾਵੇ।

5.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 30 ਮਾਰਚ 2019 ਨੂੰ ਲਾਜ਼ਮੀ ਤੌਰ ਤੇ ਸਵੇਰੇ 9:30 ਵਜੇ ਤੋਂ 1:30 ਵਜੇ ਤੱਕ ਆਯੋਜਿਤ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਾਤਮਕ ਸਿੱਟੇ ਨਿਕਲ ਸਕਣ। ਬੱਚਿਆਂ ਦੀ ਕਾਰਗੁਜਾਰੀ 30 ਮਾਰਚ 2019 ਨੂੰ ਕਲਾਸ ਇੰਚਾਰਜ ਦੁਆਰਾ ਦੱਸੀ ਜਾਵੇ।

6.0 ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਅਧਿਆਪਕਾਂ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ

ਪਿੱਠ ਅੰਕਣ ਨੰ: 5/57-2018(ਅਕਾ) / ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਐ.ਸਿ.), ਪੰਜਾਬ।
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ